# 28 ਅਕਤੂਬਰ 2024 ਤੋਂ ਅਸੀਂ ਆਪਣਾ 3G ਨੈੱਟਵਰਕ ਬੰਦ ਕਰ ਰਹੇ ਹਾਂ।

## ਜੇ ਤੁਹਾਡਾ ਫ਼ੋਨ ਜਾਂ ਯੰਤਰ 3G ਨੈੱਟਵਰਕ ਦੀ ਵਰਤੋਂ ਕਰਦਾ ਹੈ, ਤਾਂ ਤੁਹਾਨੂੰ ਸੇਵਾ ਨਾਲ ਜੁੜੇ ਰਹਿਣ ਲਈ ਨਵੇਂ ਯੰਤਰ ਦੀ ਲੋੜ ਪਵੇਗੀ।

### ਕੀ ਬਦਲ ਰਿਹਾ ਹੈ?

28 ਅਕਤੂਬਰ 2024 ਤੋਂ, ਅਸੀਂ ਆਪਣੀ 3G ਟੈਕਨੋਲੋਜੀ ਨੂੰ ਬੰਦ ਕਰ ਰਹੇ ਹਾਂ ਅਤੇ ਇਸਨੂੰ ਆਪਣੇ 4G ਨੈੱਟਵਰਕ ਦੀ ਸਮਰੱਥਾ, ਸਪੀਡ ਅਤੇ ਭਰੋਸੇਯੋਗਤਾ ਨੂੰ ਵਧਾਉਣ ਲਈ ਅਤੇ ਪਹਿਲਾਂ ਨਾਲੋਂ ਵਧੇਰੇ ਆਸਟ੍ਰੇਲੀਆਈ ਲੋਕਾਂ ਨੂੰ 5G ਦੀ ਸੁਵਿਧਾ ਦੇਣ ਲਈ ਦੁਬਾਰਾ ਵਰਤਾਂਗੇ।

### ਮੈਨੂੰ ਕੀ ਕਰਨ ਦੀ ਲੋੜ ਹੈ?

ਜੇਕਰ ਤੁਹਾਨੂੰ ਇਸ ਬਦਲਾਅ ਬਾਰੇ Optus ਤੋਂ ਕੋਈ ਈਮੇਲ, SMS ਜਾਂ ਚਿੱਠੀ ਮਿਲੀ ਹੈ, ਤਾਂ ਇਸਦਾ ਮਤਲਬ ਹੈ ਕਿ ਤੁਹਾਡੇ ਕੋਲ ਇੱਕ ਪ੍ਰਭਾਵਿਤ ਯੰਤਰ ਹੈ ਜੋ ਜਾਂ ਤਾਂ 28 ਅਕਤੂਬਰ 2024 ਤੋਂ ਕੰਮ ਕਰਨਾ ਬੰਦ ਕਰ ਦੇਵੇਗਾ ਜਾਂ ਇਸ ਦੀ ਕਵਰੇਜ ਵਿੱਚ ਕਮੀ ਆ ਜਾਵੇਗੀ। ਇਸ ਵਿੱਚ ਹੇਠ ਲਿਖਿਆ ਦੀ ਯੋਗਤਾ ਦਾ ਪ੍ਰਭਾਵਿਤ ਹੋਣਾ ਸ਼ਾਮਿਲ ਹੈ:

- ਕਾਲ ਕਰਨ ਦੀ
- ਮੈਸਜ਼ ਭੇਜਣ ਜਾਂ ਪ੍ਰਾਪਤ ਕਰਨ ਦੀ
- Optus ਨੈੱਟਵਰਕ ਤੋਂ '000' 'ਤੇ ਐਮਰਜੈਂਸੀ ਕਾਲ ਕਰਨ ਦੀ
- ਡੇਟਾ ਦੀ ਵਰਤੋਂ ਕਰਨ ਜਾਂ ਇੰਟਰਨੈਟ ਨਾਲ ਜੁੜਨ ਦੀ

**ਇਸ ਦਾ ਪ੍ਰਭਾਵ ਕੇਵਲ 3G ਯੰਤਰਾਂ 'ਤੇ ਹੀ ਨਹੀਂ ਪਵੇਗਾ।**
**ਕੁੱਝ ਹਾਲੀਆ 4G ਯੰਤਰ ਵੀ ਪ੍ਰਭਾਵਿਤ ਹੋ ਸਕਦੇ ਹਨ, ਜਿਨ੍ਹਾਂ ਉਹ ਮਾਡਲ ਵੀ ਸ਼ਾਮਿਲ ਹਨ ਜੋ ਵਿਦੇਸ਼ਾਂ ਵਿੱਚ ਖ਼ਰੀਦੇ ਗਏ ਹੋ ਸਕਦੇ ਹਨ ਜਾਂ ਉਹ ਯੰਤਰ ਜੋ '000' 'ਤੇ ਐਮਰਜੈਂਸੀ ਕਾਲ ਕਰਨ ਲਈ 3G ਨੈੱਟਵਰਕ 'ਤੇ ਨਿਰਭਰ ਕਰਦੇ ਹਨ।**

ਸੇਵਾ ਨਾਲ ਜੁੜੇ ਰਹਿਣ ਨੂੰ ਯਕੀਨੀ ਬਣਾਉਣ ਲਈ, ਅਸੀਂ ਤੁਹਾਨੂੰ ਜਲਦ ਤੋਂ ਜਲਦ ਇੱਕ ਨਵਾਂ ਯੰਤਰ ਲੈਣ ਦੀ ਪੁਰਜ਼ੋਰ ਸਿਫਾਰਸ਼ ਕਰਦੇ ਹਾਂ।

### ਤੁਹਾਡੇ ਲਈ ਉਪਲਬਧ ਤਰੀਕਿਆਂ ਬਾਰੇ ਚਰਚਾ ਕਰਨ ਲਈ ਸਾਡੇ ਮਾਹਰਾਂ ਨੂੰ 1300 219 070 'ਤੇ ਫ਼ੋਨ ਕਰੋ।

ਜੇਕਰ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ, ਤਾਂ ਵੀ ਸਾਡੇ ਮਾਹਰ ਸਾਡੀ ਮੁਫ਼ਤ ਦੁਭਾਸ਼ੀਆ ਸੇਵਾ ਦੀ ਵਰਤੋਂ ਕਰਕੇ ਤੁਹਾਡੀ ਮੱਦਦ ਕਰ ਸਕਦੇ ਹਨ।

### ਕੀ ਤੁਹਾਨੂੰ ਮਾਹਰ ਸਹਾਇਤਾ ਦੀ ਲੋੜ ਹੈ?

ਜੇਕਰ ਤੁਸੀਂ ਕਾਫ਼ੀ ਜ਼ਿਆਦਾ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹੋ ਅਤੇ ਮਾਹਰ ਸਹਾਇਤਾ ਦੀ ਲੋੜ ਹੈ, ਤਾਂ ਸਾਡੇ ਕੋਲ ਇੱਕ ਸਮਰਪਿਤ ਟੀਮ ਹੈ ਜੋ **ਘਰੇਲੂ ਪਰਿਵਾਰਕ ਹਿੰਸਾ, ਅਪਾਹਜਤਾ, ਸੋਗ, ਵਿੱਤੀ ਤੰਗੀ ਅਤੇ ਹੋਰ ਬਹੁਤ ਕੁੱਝ** ਲਈ ਸਹਾਇਤਾ ਪ੍ਰਦਾਨ ਕਰ ਸਕਦੀ ਹੈ।

ਸਾਡੀ ਮਾਹਰ ਸਹਾਇਤਾ ਟੀਮ ਨੂੰ **1800 470 291** 'ਤੇ ਫ਼ੋਨ ਕਰੋ ਜਾਂ ਤੁਸੀਂ ਵਧੇਰੇ ਜਾਣਕਾਰੀ

**optus.com.au/about/specialist-care/vulnerability-guide** 'ਤੇ ਜਾ ਕੇ ਪ੍ਰਾਪਤ ਕਰ ਸਕਦੇ ਹੋ।

yes OPTUS

## ਅਕਸਰ ਪੁੱਛੇ ਜਾਣ ਵਾਲੇ ਸਵਾਲ

### 3G ਕੀ ਹੈ?

3G ਵਾਇਰਲੈੱਸ ਮੋਬਾਈਲ ਟੈਕਨੋਲੋਜੀ ਦੀ ਤੀਜੀ ਪੀੜ੍ਹੀ ਹੈ ਜੋ ਮੋਬਾਈਲ ਫ਼ੋਨਾਂ, ਕੰਪਿਊਟਰਾਂ ਅਤੇ ਹੋਰ ਪੋਰਟੇਬਲ ਇਲੈਕਟ੍ਰਾਨਿਕ ਯੰਤਰਾਂ ਨੂੰ ਬਗ਼ੈਰ ਤਾਰ ਦੇ ਇੰਟਰਨੈੱਟ ਤੱਕ ਪਹੁੰਚ ਕਰਨ ਦਿੰਦੀ ਹੈ। “G” ਦਾ ਮਤਲਬ ਜਨਰੇਸ਼ਨ (ਪੀੜ੍ਹੀ) ਹੈ ਅਤੇ ਇਹ ਨੰਬਰ ਜਿੰਨਾ ਵੱਡਾ ਹੁੰਦਾ ਹੈ, ਟੈਕਨੋਲੋਜੀ ਓਨ੍ਹੀ ਹੀ ਜ਼ਿਆਦਾ ਨਵੀਂ ਅਤੇ ਪ੍ਰਭਾਵਸ਼ਾਲੀ ਹੁੰਦੀ ਹੈ।

### ਕਿਸ ਕਿਸਮ ਦੇ ਯੰਤਰ ਪ੍ਰਭਾਵਿਤ ਹੋਏ ਹਨ?

ਬਹੁਤ ਸਾਰੀਆਂ ਵੱਖ-ਵੱਖ ਕਿਸਮਾਂ ਦੇ ਯੰਤਰ ਪ੍ਰਭਾਵਿਤ ਹੋ ਸਕਦੇ ਹਨ, ਜਿੰਨ੍ਹਾਂ ਵਿੱਚ ਸ਼ਾਮਿਲ ਹਨ:

- ਮੋਬਾਈਲ ਫ਼ੋਨ
- ਨਿੱਜੀ ਮੈਡੀਕਲ ਟ੍ਰਾਂਸਮੀਟਰ ਜਾਂ ਮੈਡੀਕਲ ਅਲਾਰਮ
- ਸਮਾਰਟਵਾਚਾਂ
- ਟੈਬਲਟਾਂ
- ਮੌਡਮਾਂ
- ਏਕੀਕ੍ਰਿਤ ਕੀਤੇ ਨੈੱਟਵਰਕ ਮੋਡੀਊਲ (ਸਿਸਟਮ ਬੋਰਡ ਦੀ ਇੱਕ ਕਿਸਮ) ਜੋ ਮੈਡੀਕਲ ਉਪਕਰਨਾਂ, ਸਮਾਰਟ ਮੀਟਰਾਂ, ਸੁਰੱਖਿਆ ਅਤੇ ਨਿਗਰਾਨੀ ਪ੍ਰਣਾਲੀਆਂ ਵਿੱਚ ਵੀ ਵਰਤੇ ਜਾ ਸਕਦੇ ਹਨ।

ਜੇਕਰ ਤੁਹਾਡੇ ਕੋਲ ਕੋਈ ਮੈਡੀਕਲ ਉਪਕਰਨ ਜਾਂ ਏਕੀਕ੍ਰਿਤ ਕੀਤਾ ਨੈੱਟਵਰਕ ਮੋਡੀਊਲ ਹੈ ਜਿਸਨੂੰ ਬਦਲਣ ਦੀ ਲੋੜ ਹੈ, ਤਾਂ ਅਸੀਂ ਤੁਹਾਨੂੰ ਇਹ ਪੁਰਜ਼ੋਰ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਆਪਣੇ ਨਜ਼ਦੀਕੀ ਵੇਚਣ ਵਾਲੇ ਦਾ ਪਤਾ ਲਗਾਉਣ ਲਈ ਉਪਕਰਨ ਨਿਰਮਾਤਾ ਨਾਲ ਸੰਪਰਕ ਕਰੋ, ਕਿਉਂਕਿ Optus ਇਨ੍ਹਾਂ ਉਪਕਰਨਾਂ ਦੀ ਸਪਲਾਈ ਨਹੀਂ ਕਰਦਾ ਹੈ।

### ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਪ੍ਰਭਾਵਿਤ ਹੋਇਆ/ਹੋਈ ਹਾਂ?

ਅਸੀਂ ਗਾਹਕਾਂ ਨਾਲ ਈਮੇਲ, ਚਿੱਠੀ ਜਾਂ SMS ਰਾਹੀਂ ਸੰਪਰਕ ਕਰਾਂਗੇ। ਜੇਕਰ ਤੁਹਾਨੂੰ Optus ਤੋਂ ਇਸ ਬਦਲਾਅ ਬਾਰੇ ਕੋਈ ਸੁਨੇਹਾ ਮਿਲਿਆ ਹੈ, ਤਾਂ ਇਸਦਾ ਮਤਲਬ ਹੈ ਕਿ ਅਸੀਂ ਇਹ ਨਿਰਧਾਰਿਤ ਕੀਤਾ ਹੈ ਕਿ ਤੁਹਾਡੇ Optus ਖਾਤੇ ਹੇਠ ਇੱਕ ਜਾਂ ਇੱਕ ਤੋਂ ਵੱਧ ਅਜਿਹੇ ਯੰਤਰ ਹਨ ਜੋ 28 ਅਕਤੂਬਰ 2024 ਤੋਂ ਜਾਂ ਤਾਂ ਕੰਮ ਕਰਨਾ ਬੰਦ ਕਰ ਦੇਣਗੇ ਜਾਂ ਇਸ ਤਾਰੀਖ਼ ਤੋਂ ਬਾਅਦ ਇਨ੍ਹਾਂ ਦੀ ਕਵਰੇਜ ਵਿੱਚ ਕਮੀ ਹੋ ਜਾਵੇਗੀ।

ਇਸ ਵਿੱਚ ਕਾਲਾਂ ਕਰਨਾ (ਇਸ ਵਿੱਚ ਟ੍ਰਿਪਲ ਜ਼ੀਰੋ ‘000’ ਨੂੰ ਐਮਰਜੈਂਸੀ ਕਾਲਾਂ ਕਰਨ ਸਮੇਤ), ਮੈਸਜ਼ ਭੇਜਣ ਅਤੇ/ਜਾਂ ਡੇਟਾ ਵਰਤਣ ਦੀ ਸੁਵਿਧਾ ਨਾ ਹੋਣਾ ਸ਼ਾਮਿਲ ਹੈ। ਤੁਹਾਨੂੰ ਇਸ ਤਾਰੀਖ਼ ਤੋਂ ਬਾਅਦ ਸੇਵਾ ਨਾਲ ਜੁੜੇ ਰਹਿਣ ਲਈ ਨਵੇਂ ਯੰਤਰ ਦੀ ਲੋੜ ਪਵੇਗੀ।

### ਕੀ ਮੈਂ ਹਾਲੇ ਵੀ ਟ੍ਰਿਪਲ ਜ਼ੀਰੋ (000) ਨੂੰ ਕਾਲਾਂ ਕਰ ਸਕਾਂਗਾ/ਗੀ?

28 ਅਕਤੂਬਰ 2024 ਤੋਂ, ਜੇਕਰ ਤੁਹਾਡਾ ਯੰਤਰ ਸਾਡੇ 4G ਨੈੱਟਵਰਕ ਨਾਲ ਕੰਮ ਨਹੀਂ ਕਰਦਾ ਜਾਂ ਐਮਰਜੈਂਸੀ ਕਾਲਾਂ ਲਈ 3G ਨੈੱਟਵਰਕ ‘ਤੇ ਨਿਰਭਰ ਕਰਦਾ ਹੈ, ਤਾਂ ਤੁਸੀਂ ਆਪਣੇ ਉਸ ਯੰਤਰ ਤੋਂ ਟ੍ਰਿਪਲ ਜ਼ੀਰੋ (000) ਨੂੰ ਐਮਰਜੈਂਸੀ ਕਾਲ ਨਹੀਂ ਕਰ ਸਕੋਗੇ।

ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਕੋਲ ਅਜੇ ਵੀ ਪਹੁੰਚ ਹੈ, ਅਸੀਂ ਤੁਹਾਨੂੰ ਜਲਦ ਤੋਂ ਜਲਦ ਆਪਣਾ ਯੰਤਰ ਅੱਪਗ੍ਰੇਡ ਕਰਨ ਦੀ ਪੁਰਜ਼ੋਰ ਸਿਫਾਰਸ਼ ਕਰਦੇ ਹਾਂ।

ਜਦੋਂ ਤੱਕ ਤੁਹਾਡੀ ਕਾਲ ਕਿਸੇ ਅਸਲੀ ਐਮਰਜੈਂਸੀ ਲਈ ਨਹੀਂ ਹੈ, ਕਿਰਪਾ ਕਰਕੇ ਆਪਣੇ ਯੰਤਰ ਦੀ ਜਾਂਚ ਕਰਨ ਲਈ ਟ੍ਰਿਪਲ ਜ਼ੀਰੋ (000) ‘ਤੇ ਕਾਲ ਨਾ ਕਰੋ।

### ਮੇਰਾ ਯੰਤਰ ਸਕ੍ਰੀਨ ‘ਤੇ 4G/5G ਸਿਗਨਲ ਦਿਖਾਉਂਦਾ ਹੈ ਜਾਂ ਮੇਰੇ ਕੋਲ 4G/5G ਸਮਰੱਥ ਯੰਤਰ ਹੈ, ਫਿਰ ਮੈਨੂੰ Optus ਤੋਂ ਨੋਟੀਫਿਕੇਸ਼ਨ ਕਿਉਂ ਮਿਲਿਆ ਹੈ?

ਜੇਕਰ ਤੁਹਾਡੇ ਕੋਲ Optus ਨਾਲ ਇੱਕ ਤੋਂ ਵੱਧ ਸੇਵਾਵਾਂ ਹਨ, ਤਾਂ ਹੋ ਸਕਦਾ ਹੈ ਕਿ ਤੁਸੀਂ ਉਹ ਸੁਨੇਹਾ ਦੇਖ ਰਹੇ ਹੋਵੋ ਜੋ ਅਸੀਂ ਤੁਹਾਨੂੰ ਇੱਕ ਅਜਿਹੇ ਯੰਤਰ ‘ਤੇ ਭੇਜਿਆ ਹੈ ਜੋ ਪ੍ਰਭਾਵਿਤ ਨਹੀਂ ਹੁੰਦਾ ਹੈ। ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਪ੍ਰਭਾਵਿਤ ਸੇਵਾ ਨੰਬਰ ਅਤੇ ਉਸ ਨੰਬਰ ਨਾਲ ਜੁੜੇ ਯੰਤਰ ਦੀ ਜਾਂਚ ਕੀਤੀ ਹੈ।

ਭਾਵੇਂ ਤੁਸੀਂ ਪ੍ਰਭਾਵਿਤ ਯੰਤਰ ਦੀ ਸਕ੍ਰੀਨ ‘ਤੇ 4G/5G ਸਿਗਨਲ ਦੇਖ ਸਕਦੇ ਹੋ, ਤਾਂ ਵੀ ਇਸਦੇ ਕਈ ਹੋਰ ਕਾਰਨ ਹੋ ਸਕਦੇ ਹਨ ਕਿ ਅਸੀਂ ਅਜਿਹਾ ਕਿਉਂ ਨਿਰਧਾਰਿਤ ਕੀਤਾ ਹੈ ਕਿ ਤੁਹਾਡਾ ਯੰਤਰ ਪ੍ਰਭਾਵਿਤ ਹੈ। ਇਨ੍ਹਾਂ ਵਿੱਚ ਸ਼ਾਮਿਲ ਹਨ:

- ਤੁਹਾਡਾ ਯੰਤਰ ਟ੍ਰਿਪਲ ਜ਼ੀਰੋ (000) ‘ਤੇ ਐਮਰਜੈਂਸੀ ਕਾਲਾਂ ਕਰਨ ਲਈ 3G ‘ਤੇ ਨਿਰਭਰ ਕਰਦਾ ਹੈ
- ਤੁਹਾਡਾ ਯੰਤਰ ਕੁੱਝ ਇਲਾਕਿਆਂ ਵਿੱਚ 3G ‘ਤੇ ਨਿਰਭਰ ਕਰਦਾ ਹੈ
- ਤੁਹਾਡਾ ਯੰਤਰ 4G VoLTE/4G ਵੌਇਸ ਕਾਲਿੰਗ ਦਾ ਸਮਰਥਨ ਨਹੀਂ ਕਰਦਾ ਹੈ। ਤੁਸੀਂ 4G ਨੈੱਟਵਰਕ ‘ਤੇ ਡੇਟਾ ਵਰਤਣ ਦੇ ਯੋਗ ਹੋ ਸਕਦੇ ਹੋ, ਪਰ ਇਹ ਅਜੇ ਵੀ ਵੌਇਸ ਕਾਲਾਂ (ਜਿਸ ਵਿੱਚ ਐਮਰਜੈਂਸੀ ਕਾਲਾਂ ਵੀ ਸ਼ਾਮਿਲ ਹਨ) ਕਰਨ ਲਈ 3G ਨੈੱਟਵਰਕ ‘ਤੇ ਨਿਰਭਰ ਕਰਦਾ ਹੈ।

### ਜੇਕਰ ਮੈਂ ਆਪਣਾ ਯੰਤਰ ਅਪਗ੍ਰੇਡ ਨਾ ਕਰਨਾ ਚਾਹਾਂ ਜਾਂ Optus ਨਾਲ ਨਾ ਰਹਿਣਾ ਚਾਹਾਂ ਤਾਂ ਕੀ ਹੋਵੇਗਾ?

ਆਸਟ੍ਰੇਲੀਆ ਦੀਆਂ ਸਾਰੀਆਂ ਪ੍ਰਮੁੱਖ ਦੂਰਸੰਚਾਰ ਕੰਪਨੀਆਂ ਵਧੇਰੇ ਉੱਨਤ 4G ਅਤੇ 5G ਨੈੱਟਵਰਕ ਸੇਵਾਵਾਂ ਲਈ ਰਾਹ ਬਣਾਉਣ ਲਈ ਆਪਣੀਆਂ 3G ਟੈਕਨੋਲੋਜੀਆਂ ਨੂੰ ਬੰਦ ਕਰ ਰਹੀਆਂ ਹਨ।

ਜੇਕਰ ਤੁਸੀਂ ਕਿਸੇ ਹੋਰ ਮੋਬਾਈਲ ਨੈੱਟਵਰਕ ‘ਤੇ ਜਾਣ ਬਾਰੇ ਵਿਚਾਰ ਕਰ ਰਹੇ ਹੋ, ਤਾਂ ਅਸੀਂ ਤੁਹਾਨੂੰ ਪਹਿਲਾਂ ਇਹ ਚੈੱਕ ਕਰਨ ਦੀ ਸਿਫਾਰਸ਼ ਕਰਦੇ ਹਾਂ ਕਿ ਕੀ ਉਹ ਹਾਲੇ ਵੀ 3G ਦਾ ਸਮਰਥਨ ਕਰਦੇ ਹਨ ਜਾਂ ਨਹੀਂ।

ਜੇਕਰ ਤੁਸੀਂ ਆਪਣਾ ਯੰਤਰ ਅਪਗ੍ਰੇਡ ਨਹੀਂ ਕਰਨਾ ਚਾਹੁੰਦੇ ਹੋ ਅਤੇ ਇਹ 3G ‘ਤੇ ਨਿਰਭਰ ਕਰਦਾ ਹੈ, ਤਾਂ ਤੁਸੀਂ 28 ਅਕਤੂਬਰ 2024 ਤੋਂ ਬਾਅਦ ਕਾਲਾਂ ਕਰਨ, ਟੈਕਸਟ ਮੈਸਜ਼ ਭੇਜਣ ਜਾਂ ਪ੍ਰਾਪਤ ਕਰਨ, ਟ੍ਰਿਪਲ ਜ਼ੀਰੋ (000) ਨੂੰ ਕਾਲਾਂ ਕਰਨ, ਜਾਂ ਇੰਟਰਨੈੱਟ ਨਾਲ ਜੁੜਨ ਦੇ ਯੋਗ ਨਹੀਂ ਹੋਵੋਗੇ।

ਸਾਡੀ ਟੀਮ ਮੱਦਦ ਕਰਨ ਲਈ ਇੱਥੇ ਮੌਜੂਦ ਹੈ। ਅਸੀਂ ਤੁਹਾਨੂੰ ਜਲਦੀ ਤੋਂ ਜਲਦੀ ਸਾਡੇ ਨਾਲ ਸੰਪਰਕ ਕਰਨ ਦੀ ਸਿਫਾਰਸ਼ ਕਰਦੇ ਹਾਂ ਤਾਂ ਜੋ ਤੁਸੀਂ ਆਪਣੇ ਲਈ ਉਪਲਬਧ ਤਰੀਕਿਆਂ ਬਾਰੇ ਚਰਚਾ ਕਰ ਸਕੋ।

### ਜੇਕਰ ਮੈਂ ਹੁਣੇ ਨਵਾਂ ਯੰਤਰ/ਫ਼ੋਨ ਖ਼ਰੀਦ ਸਕਣ ਦੇ ਯੋਗ ਨਾ ਹੋਵਾਂ ਤਾਂ ਕੀ ਹੋਵੇਗਾ?

ਅਸੀਂ ਬਹੁਤ ਸਾਰੀਆਂ ਲੋੜਾਂ ਅਤੇ ਬਜਟਾਂ ਲਈ ਢੁੱਕਵੇਂ ਕਈ ਕਿਸਮ ਦੇ ਯੰਤਰ ਪੇਸ਼ ਕਰਦੇ ਹਾਂ। ਆਪਣੇ ਲਈ ਉਪਲਬਧ ਤਰੀਕਿਆਂ ਬਾਰੇ ਚਰਚਾ ਕਰਨ ਲਈ ਸਾਡੀ ਸਮਰਪਿਤ 3G ਟੀਮ ਨੂੰ **1300 219 070** ‘ਤੇ ਫ਼ੋਨ ਕਰੋ।

### ਕੀ ਇਸਦਾ ਅਸਰ Amaysim, Catch Connect, Coles ਅਤੇ ਹੋਰ ਮੋਬਾਈਲ ਸੇਵਾ ਪ੍ਰਦਾਤਾਵਾਂ ‘ਤੇ ਵੀ ਪਵੇਗਾ ਜੋ Optus 3G ਨੈੱਟਵਰਕ ਦੀ ਵਰਤੋਂ ਕਰਦੇ ਹਨ?

ਹਾਂ, ਜੇਕਰ ਤੁਹਾਡਾ ਯੰਤਰ Optus 3G ਨੈੱਟਵਰਕ ‘ਤੇ ਨਿਰਭਰ ਕਰਦਾ ਹੈ ਤਾਂ ਇਹ ਬਦਲਾਅ ਤੁਹਾਡੀ ਸੇਵਾ ਨੂੰ ਪ੍ਰਭਾਵਿਤ ਕਰੇਗਾ।

ਅਸੀਂ ਤੁਹਾਨੂੰ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਆਪਣੇ ਲਈ ਉਪਲਬਧ ਤਰੀਕਿਆਂ ਬਾਰੇ ਚਰਚਾ ਕਰਨ ਲਈ ਸਿੱਧੇ ਆਪਣੇ ਮੋਬਾਈਲ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੋ।

ਤੁਸੀਂ ਉਨ੍ਹਾਂ ਦੀ ਸੰਪਰਕ ਜਾਣਕਾਰੀ ਲੱਭਣ ਲਈ ‘ਮੋਬਾਈਲ ਸੇਵਾ ਪ੍ਰਦਾਤਾ ਲੁੱਕਅੱਪ’ (Mobile Service Provider Lookup) ਦੀ ਵਰਤੋਂ ਕਰ ਸਕਦੇ ਹੋ, ਜੋ ਆਸਟ੍ਰੇਲੀਅਨ ਮੋਬਾਈਲ ਟੈਲੀਕਮਿਊਨੀਕੇਸ਼ਨਜ਼ ਐਸੋਸੀਏਸ਼ਨ (AMTA) ਦੀ ਵੈੱਬਸਾਈਟ **3Gclosure.com.au** ‘ਤੇ ਉਪਲਬਧ ਹੈ।

yes OPTUS